# ਪੰਜਾਬ ਸਿੱਖਿਆ ਵਿਕਾਸ ਬੋਰਡ

## ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, (ਪੰਜਵੀਂ ਮੰਜਲ), ਫੇਜ਼-8, ਮੋਹਾਲੀ (ਸ.ਅ.ਸ. ਨਗਰ)
ਫ਼ੋਨ ਨੰ. 0172-5212303, 5212301, 5212320 ਈ-ਮੇਲ: pedb2012@gmail.com

## ਜਨਤਕ ਸੂਚਨਾ

ਮੈਂਬਰ ਸਕੱਤਰ, ਪੰਜਾਬ ਸਿੱਖਿਆ ਵਿਕਾਸ ਬੋਰਡ ਵਲੋਂ ਨਿਮਨਲਿਖਤ ਅਸਾਮੀ ਠੇਕਾ ਅਧਾਰ ਤੇ ਭਰਨ ਲਈ ਯੋਗ ਉਮੀਦਵਾਰਾਂ ਤੋਂ ਮਿਤੀ 30-09-2014 ਨੂੰ ਸ਼ਾਮ 5:00 ਵਜੇ ਤੱਕ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ:

| ਅਸਾਮੀ ਦਾ ਨਾਮ | ਅਸਾਮੀ ਦੀ ਗਿਣਤੀ | ਮਾਸਿਕ ਬੱਝਵੀਂ ਤਨਖਾਹ | ਮੁਢਲੀ ਵਿੱਦਿਅਕ/ਕਿੱਤਾ ਯੋਗਤਾ ਅਤੇ ਤਜਰਬਾ |
|---|---|---|---|
| ਅਕਾਊਂਟੈਂਟ-ਕਮ-ਕੈਸ਼ੀਅਰ | 01 | 14,000/- | ਕਾਮਰਸ ਗਰੈਜੂਏਟ, ਟੈਲੀ (Tally) ਦੀ ਜਾਣਕਾਰੀ ਅਤੇ ਘੱਟੋਂ-ਘੱਟ ਦੋ ਸਾਲ ਦਾ ਅਕਾਊਂਟੈਂਟ ਦਾ ਤਜਰਬਾ ਰੱਖਦਾ/ਰੱਖਦੀ ਹੋਵੇ। |

### ਨਿਯਮ ਅਤੇ ਸ਼ਰਤਾਂ

- ਪੰਜਾਬ ਸਿੱਖਿਆ ਵਿਕਾਸ ਬੋਰਡ ਅਧੀਨ ਇਹ ਅਸਾਮੀ ਮੁਢਲੇ ਤੌਰ ਤੇ ਇੱਕ ਸਾਲ ਦੇ ਠੇਕੇ ਦੇ ਅਧਾਰ ਤੇ ਹੋਵੇਗੀ, ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਅਧਾਰ ਤੇ ਹਰ ਸਾਲ ਲਈ ਨਵਿਆਇਆ ਜਾ ਸਕਦਾ ਹੈ।
- ਲੋੜੀਂਦੀ ਵਿੱਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ/ਸੰਸਥਾ ਵੱਲੋਂ ਦਰਖਾਸਤ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਪਾਸ ਕੀਤੀ ਹੋਣੀ ਲਾਜ਼ਮੀ ਹੋਵੇਗੀ।
- ਬਿਨੈ ਪੱਤਰ ਲਈ ਨਿਰਧਾਰਿਤ ਪ੍ਰੋਫਾਰਮਾ ਵਿਭਾਗ ਦੀ ਵੈਬਸਾਈਟ ssapunjab.org ਤੇ ਉਪਲਬਧ ਹੋਵੇਗਾ ਅਤੇ ਇਹ ਪ੍ਰੋਫਾਰਮਾ ਡਾਊਨਲੋਡ ਕਰਕੇ ਮੁਕੰਮਲ ਰੂਪ ਵਿੱਚ ਭਰਨ ਉਪਰੰਤ ਇਸ ਦਫਤਰ ਨੂੰ ਨਿਸ਼ਚਿਤ ਮਿਤੀ ਅਤੇ ਸਮੇਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਬਿਨੈ ਪੱਤਰ ਦੇ ਨਾਲ ਜਨਮ ਸਰਟੀਫਿਕੇਟ, ਯੋਗਤਾਵਾਂ ਤਜਰਬਾ ਅਤੇ ਰਿਹਾਇਸ਼ੀ ਸਬੂਤ ਆਦਿ ਦੀਆਂ ਸਵੈ-ਤਸਦੀਕ-ਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ। ਅਧੂਰੇ ਬਿਨੈ ਪੱਤਰ ਵਿਚਾਰੇ ਨਹੀਂ ਜਾਣਗੇ।
- ਉਮੀਦਵਾਰ ਦੀ ਉਮਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 30-09-2014 ਨੂੰ 38 ਸਾਲ ਤੋਂ ਵੱਧ ਨਾ ਹੋਵੇ।
- ਉਮੀਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ ਅਤੇ ਉਮੀਦਵਾਰ ਨੇ ਘੱਟੋਂ ਘੱਟ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਪਾਸ ਕੀਤੀ ਹੋਵੇ ।
- ਪੰਜਾਬ ਸਿੱਖਿਆ ਵਿਕਾਸ ਬੋਰਡ ਵੱਲੋਂ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰੱਦ ਕਰਨ ਦਾ ਹੱਕ ਰਾਖਵਾਂ ਰੱਖਿਆ ਜਾਂਦਾ ਹੈ। ਸਰਕਾਰ ਜਾਂ ਕਿਸੇ ਪਬਲਿਕ ਅਥਾਰਿਟੀ ਦੁਆਰਾ ਬਰਖਾਸਤ ਉਮੀਦਵਾਰ ਦਰਖਾਸਤ ਨਾ ਕਰਨ। ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ।

ਮੈਂਬਰ ਸਕੱਤਰ,
ਪੰਜਾਬ ਸਿੱਖਿਆ ਵਿਕਾਸ ਬੋਰਡ

# ਅਰਜੀ ਦਾ ਪ੍ਰੋਫਾਰਮਾ

ਇੱਥੇ ਪਾਸਪੋਰਟ ਸਾਈਜ਼ ਤਸਦੀਕ-ਸ਼ੁਦਾ ਫੋਟੋ ਚਿਪਕਾਈ ਜਾਵੇ।

ਅਸਾਮੀ ਦਾ ਨਾਂ: ..............................................................

1. ਪ੍ਰਾਰਥੀ ਦਾ ਨਾਂ : ____________________
2. ਪਿਤਾ ਦਾ ਨਾਂ : ____________________
3. ਮਾਤਾ ਦਾ ਨਾਂ : ____________________
4. ਜਨਮ ਮਿਤੀ : ____________________
5. ਸਥਾਈ ਪਤਾ : ____________________
6. ਯੋਗਤਾ : ____________________

| ਲੜੀ ਨੰ: | ਪਾਸ ਕੀਤਾ ਗਿਆ ਇਮਤਿਹਾਨ | ਯੂਨਵਰਸਿਟੀ/ਬੋਰਡ/ਸੰਸਥਾ | ਪਾਸ ਕਰਨ ਦਾ ਸਾਲ | ਅੰਕਾਂ ਦੀ ਪ੍ਰਤੀਸ਼ਤਤਾ |
|---|---|---|---|---|
| | | | | |
| | | | | |
| ਕੰਪਿਊਟਰ ਸਬੰਧੀ ਯੋਗਤਾ | | | | |
| | | | | |
| | | | | |

(ਮੈਟ੍ਰਿਕ ਤੋਂ ਲੈ ਕੇ ਸਭ ਤੋਂ ਅਖੀਰਲੀ ਯੋਗਤਾ ਤੱਕ ਸਭ ਦਾ ਵੇਰਵਾ ਦਿੱਤਾ ਜਾਵੇ)

6. ਸਬੰਧਤ ਕੰਮ ਦਾ ਤਜਰਬਾ ____________________

____________________

7. ਪੱਤਰ ਵਿਹਾਰ ਲਈ ਪਤਾ (ਪੂਰਾ ਨਾਮ ਅਤੇ ਪਤਾ ਸਾਫ਼-ਸਾਫ਼ ਲਿਖਿਆ ਜਾਵੇ)

..............................................................

..............................ਜ਼ਿਲ੍ਹਾ...........................ਪਿਨਕੋਡ......................

ਮੋਬਾ: ਨੰ: .......................... ਈ-ਮੇਲ ਐਡਰੈਸ ....................................

ਘੋਸ਼ਣਾ: ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਬਿਨੈ-ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ/ਜਾਣਕਾਰੀ ਅਤੇ ਰਿਕਾਰਡ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

ਉਮੀਦਵਾਰ ਦੇ ਹਸਤਾਖਰ

ਮਿਤੀ: ............................

ਸਥਾਨ ..........................